# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋ ਨੰ:**DySPD (PEDB)/2019/**214574** **ਮਿਤੀ: 27.07.2019**

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਹੈ। ਜੋ ਅਧਿਆਪਕ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਮਿਤੀ 07.07.2019 ਤੋਂ 16.07.2019 ਤੱਕ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ ਮੀਮੋ ਨੰ DySPD (PEDB)/2019/2019191668, ਮਿਤੀ 07.07.2019 ਰਾਹੀਂ ਜਾਰੀ ਕਰਕੇ ਮੰਗੀਆਂ ਗਈਆਂ ਹਨ।

2.0 ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਦੇ ਹੁਕਮ ਨੰ 16/1-2018 ਅਮਲਾ-3(H-1), ਮਿਤੀ 25.07.2019 ਅਨੁਸਾਰ ਮਾਸਟਰ/ ਮਿਸਟ੍ਰੈਸ ਦੀਆਂ ਪੱਦ ਉਣਤੀਆਂ ਬਤੌਰ ਮੁੱਖ ਅਧਿਆਪਕ ਕੀਤੀਆਂ ਗਈਆਂ ਹਨ। ਇਨ੍ਹਾਂ ਪੱਦ ਉਣਤੀਆਂ ਦੇ ਨਤੀਜੇ ਵੱਜੋਂ ਸਬੰਧਤ ਸਕੂਲਾਂ ਵਿਖੇ ਮਾਸਟਰ ਕਾਡਰ ਦੀਆਂ ਕੁਝ ਅਸਾਮੀਆਂ ਖਾਲੀ ਹੋ ਗਈਆਂ ਹਨ।

3.0 ਇਨ੍ਹਾਂ ਖਾਲੀ ਹੋਈਆਂ ਅਸਾਮੀਆਂ ਨੂੰ ਵੀ ਚਾਲੂ ਟ੍ਰਾਂਸਫਰ ਪਾਲਿਸੀ ਅਧੀਨ ਬਦਲੀ ਲਈ ਉਪਲਬਧ ਅਸਾਮੀਆਂ ਵਿੱਚ ਸ਼ਾਮਿਲ ਕਰਨ ਲਈ ਅਧਿਆਪਕਾਂ ਵੱਲੋਂ ਪ੍ਰਤੀਬੇਨਤੀਆਂ ਦਿੱਤੀਆਂ ਗਈਆਂ ਹਨ। ਵਿਭਾਗ ਵੱਲੋਂ ਵਿਚਾਰ ਕਰਨ ਉਪਰੰਤ ਇਹ ਮਹਿਸੂਸ ਕੀਤਾ ਗਿਆ ਹੈ ਕਿ ਉੱਕਤ ਖਾਲੀ ਅਸਾਮੀਆਂ ਸਬੰਧੀ ਵੀ ਸਮੂਹ ਅਧਿਆਪਕਾਂ ਨੂੰ ਚੋਣ ਕਰਨ ਦਾ ਮੌਕਾ ਦਿੱਤਾ ਜਾਣਾ ਬਣਦਾ ਹੈ। ਇਸ ਲਈ ਇਨ੍ਹਾਂ ਖਾਲੀ ਹੋਈਆਂ ਅਸਾਮੀਆਂ ਨੂੰ ਉਪਲਬਧ ਖਾਲੀ ਅਸਾਮੀਆਂ ਵਿੱਚ ਸ਼ਾਮਿਲ ਕਰਦੇ ਹੋਏ ਸਮੂਹ ਅਧਿਆਪਕਾਂ ਨੂੰ ਆਪਣੇ ਸਟੇਸ਼ਨ ਦੀ ਚੋਣ ਨਵੇਂ ਸਿਰੇ ਤੋਂ ਕਰਨ ਲਈ ਮਿਤੀ 28.07.2019 ਤੱਕ ਇੱਕ ਮੌਕਾ ਦਿੱਤਾ ਜਾਂਦਾ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**